BRAMPTON Flower City
brampton.ca

media release

16 ਫਰਵਰੀ, 2018

# ਉੱਨਤ ਨਿਰਮਾਣ ਸੁਪਰਕਲਸਟਰ ਘੋਸ਼ਣਾ ਦੇ ਨਾਲ ਬ੍ਰੈਂਪਟਨ ਲਈ ਮੌਕੇ

ਬ੍ਰੈਂਪਟਨ, ਓਨਟੈਰੀਓ – ਕੈਨੇਡਾ ਦੇ ਇਨੋਵੇਸ਼ਨ, ਸਾਇੰਸ ਐਂਡ ਇਕੋਨੋਮਿਕ ਡੈਵਲੈਪਮੈਂਟ (Innovation, Science and Economic Development) ਮੰਤਰੀ, ਸਨਮਾਨਯੋਗ ਨਵਦੀਪ ਬੈਂਸ (Navdeep Bains) ਨੇ ਕੱਲ੍ਹ ਘੋਸ਼ਣਾ ਕੀਤੀ ਕਿ ਕੈਨੇਡਾ ਲਈ ਇੱਕ ਉੱਨਤ ਨਿਰਮਾਣ ਸੁਪਰਕਲਸਟਰ (Advanced Manufacturing Supercluster) ਦਾ ਨਿਰਮਾਣ ਕਰਨ ਦੀ ਕਾਰਜਨੀਤੀ ਕੈਨੇਡਾ ਸਰਕਾਰ (Government of Canada) ਦੀ ਨਵੀਨਤਾਕਾਰੀ ਸੁਪਰਕਲਸਟਰਸ ਪਹਿਲਕਦਮੀ (Innovation Superclusters Initiative) ਹੇਠ ਸੰਘੀ ਨਿਵੇਸ਼ਾਂ ਲਈ ਯੋਗ ਹੋਈ ਹੈ।

ਉੱਨਤ ਨਿਰਮਾਣ ਸੁਪਰਕਲਸਟਰ ਦੀ ਬੋਲੀ ਵਿੱਚ 140 ਤੋਂ ਵੱਧ ਸੰਗਠਨ ਸ਼ਾਮਲ ਹੋਏ ਸਨ। ਸਿਟੀ ਆਫ ਬ੍ਰੈਂਪਟਨ (City of Brampton) ਨੇ ਵੱਡੇ ਸੁਪਰਕਲਸਟਰ ਪ੍ਰੋਜੈਕਟ ਵਿੱਚ ਫੰਡਿੰਗ ਲਈ ਇੱਕ ਪ੍ਰਤਿਭਾ ਵਿਕਾਸ ਪ੍ਰਸਤਾਵ 'ਤੇ ਬ੍ਰੈਂਪਟਨ ਬੋਰਡ ਆਫ ਟ੍ਰੇਡ (Brampton Board of Trade) ਦੇ ਨਾਲ ਸਾਂਝੇਦਾਰੀ ਕੀਤੀ ਹੈ। ਇਸ ਪ੍ਰਸਤਾਵ ਅਤੇ ਸਮੁੱਚੀ ਬੋਲੀ ਦੇ ਸਮਰਥਨ ਵਿੱਚ, ਸਿਟੀ ਸਕਿਰਿਆ ਰੂਪ ਨਾਲ ਪ੍ਰਕਿਰਿਆ ਵਿੱਚ ਸ਼ਾਮਲ ਰਿਹਾ ਹੈ ਅਤੇ ਇਹ ਆਉਣ ਵਾਲੇ ਸਾਲਾਂ ਵਿੱਚ ਕੀਤੇ ਜਾਣ ਵਾਲੇ ਫੰਡਿੰਗ ਸਬੰਧੀ ਫ਼ੈਸਲਿਆਂ ਵਿੱਚ ਸ਼ਾਮਲ ਹੁੰਦਾ ਰਹੇਗਾ।

ਨਵੀਂ ਨਿਗਮਤ ਨੈਕਸਟ ਜੈਨਰੇਸ਼ਨ ਮੈਨੁਫੈਕਚਰਿੰਗ ਕੈਨੇਡਾ (Next Generation Manufacturing Canada) (ਐਨ.ਜੀ.ਐਮ. (NGM) ਕੈਨੇਡਾ), ਫਰਮਾਂ, ਸਪਲਾਈ ਚੇਨਾਂ, ਭਾਈਚਾਰਿਆਂ ਅਤੇ ਹਜ਼ਾਰਾਂ ਕੈਨੇਡਾਵਾਸੀਆਂ ਲਈ ਇੰਡਸਟਰੀ ਦੇ ਮੁੱਖ ਖੰਡਾਂ ਵਿੱਚ ਨਿਯੁਕਤੀ ਦੇ ਨਵੇਂ ਮੌਕੇ ਪੈਦਾ ਕਰਨ ਲਈ ਫੰਡਿੰਗ ਪ੍ਰਸਤਾਵ ਅਤੇ ਪ੍ਰੋਜੈਕਟਾਂ ਦੇ ਬਦਲੇ ਇੰਡਸਟਰੀ ਅਤੇ ਸੰਘ ਸਰਕਾਰ ਵੱਲੋਂ ਪ੍ਰਸਤਾਵਿਤ ਨਿਵੇਸ਼ਾਂ ਵਿੱਚ $800M ਤੋਂ ਵੱਧ ਵਰਤਣ ਦੀ ਅਗਵਾਈ ਕਰੇਗੀ।

ਸੁਪਰਕਲਸਟਰ ਦੀ ਭੂਗੋਲਕ ਇਕਾਗਰਤਾ ਗ੍ਰੇਟਰ ਟੋਰੋਂਟੋ (Greater Toronto) ਅਤੇ ਹੈਮਿਲਟਨ ਏਰੀਆ (Hamilton Area) ਹੈ, ਅਤੇ ਬ੍ਰੈਂਪਟਨ ਆਰਥਿਕ ਵਾਧੇ ਅਤੇ ਨਿਵੇਸ਼ ਲਈ ਨਵੇਂ ਮੌਕੇ ਦੇਖਣ ਲਈ ਸਥਿਰ ਹੈ। ਸਿਟੀ ਦੀ ਉੱਨਤ ਨਿਰਮਾਣ, ਕਿਰਿਆਸ਼ੀਲ ਕਾਰੋਬਾਰੀ ਸਾਂਝੇਦਾਰਾਂ ਅਤੇ ਸ਼ੈਰੀਡਨ ਕਾਲੇਜ (Sheridan College) ਅਤੇ ਰਾਇਰਸਨ ਯੂਨੀਵਰਸਿਟੀ (Ryerson University) ਜਿਹੇ ਪੋਸਟ-ਸੈਕੰਡਰੀ ਸਾਂਝੇਦਾਰਾਂ ਨੂੰ ਸ਼ਾਮਲ ਕਰਨ ਵਿੱਚ ਮਹੱਤਵਪੂਰਨ ਮੌਜੂਦਗੀ ਹੈ। ਨਿਰਮਾਣ (ਮੈਨੁਫੈਕਚਰਿੰਗ) ਦੇ ਨਾਲ ਬ੍ਰੈਂਪਟਨ ਵਿੱਚ ਲਗਭਗ 900 ਕੰਪਨੀਆਂ ਵੱਲੋਂ ਮੁਹੱਈਆ ਕੀਤੀਆਂ 35,000 ਤੋਂ ਵੱਧ ਨੌਕਰੀਆਂ ਪੈਦਾ ਹੁੰਦੀਆਂ ਹਨ। ਬ੍ਰੈਂਪਟਨ ਵਿੱਚ ਪੰਜ ਵਿਅਕਤੀਆਂ ਵਿੱਚੋਂ ਇੱਕ ਨਿਰਮਾਣ ਵਿੱਚ ਕੰਮ ਕਰਦਾ ਹੈ, ਅਤੇ ਉੱਨਤ ਨਿਰਮਾਣ ਅਤੇ ਡਿਜ਼ਾਈਨ ਟੈਕਨੋਲੋਜੀਸ (Advanced Manufacturing and Design Technologies) ਲਈ ਸ਼ੈਰੀਡਨ ਦੇ ਸਕਿੱਲਡ ਟ੍ਰੇਡਸ ਸੈਂਟਰ (Skilled Trades Centre) ਜਿਹੇ ਸਟੇਕਹੋਲਡਰ ਸੈਕਟਰ ਵਿੱਚ ਤਾਕਤ ਅਤੇ ਵਿਕਾਸ ਮੁਹੱਈਆ ਕਰਦੇ ਹਨ।

ਉੱਨਤ ਨਿਰਮਾਣ ਕੈਨੇਡਾ ਦੇ ਆਰਥਿਕ ਵਾਧੇ ਦਾ ਇੱਕ ਮਹੱਤਵਪੂਰਨ ਸੰਚਾਲਕ ਹੈ। ਸਾਊਥਵੈਸਟਰਨ ਓਨਟੈਰੀਓ (Southwestern Ontario) ਨਿਰਮਾਣ ਅਤੇ ਟੈਕਨੋਲੋਜੀ ਫਰਮਾਂ ਦੋਵਾਂ ਦੀ ਸਬੰਧਿਤ ਸਾਂਝੀ ਘਣਤਾ ਹੈ। ਉੱਨਤ ਨਿਰਮਾਣ ਸੁਪਰਕਲਸਟਰ ਕਾਰਜਨੀਤੀ ਦੇ ਤਿੰਨ ਮੂਲ ਆਧਾਰ ਹਨ:

- ਦ੍ਰਿਸ਼ਟੀਕੋਣ ਪ੍ਰਣਾਲੀਆਂ, ਏ.ਆਈ. (AI), IoT, ਡੇਟਾ ਸੁਰੱਖਿਆ, ਰੋਬੋਟਿਕਸ, ਉੱਨਤ ਸਮੱਗਰੀਆਂ ਅਤੇ ਯੋਜਕ ਵਸਤੂਆਂ ਦਾ ਨਿਰਮਾਣ ਜਿਹੇ ਕੰਮਾਂ ਵਿੱਚ ਸਹਿਯੋਗ ਅਤੇ ਇੰਡਸਟਰੀ ਦੀ ਅਗਵਾਈ ਵਾਲੇ ਪ੍ਰੋਜੈਕਟਾਂ ਵਿੱਚ ਸਹਿ-ਨਿਵੇਸ਼
- ਨਿਰਮਾਣ ਫਰਮਾਂ ਦੀ ਅਗਲੀ ਪੀੜ੍ਹੀ ਬਣਾਉਣ ਵਿੱਚ ਮਦਦ ਕਰਨ ਲਈ ਨਵੇਂ ਟੂਲਸ, ਟੈਸਟਬੈਡਸ ਅਤੇ ਇੰਫਰਾਸਟ੍ਰਕਚਰ ਦੇ ਨਿਰਮਾਣ ਵਿੱਚ ਸਹਿਯੋਗ

- ਸਹਿਯੋਗ ਅਤੇ ਸੇਵਾਵਾਂ ਦੇ ਇੱਕ ਮਜ਼ਬੂਤ ਈਕੋਸਿਸਟਮ ਦਾ ਨਿਰਮਾਣ ਕਰਨਾ, ਜੋ ਨਿਰਮਾਣ ਵਿੱਚ ਟੈਕਨੋਲੋਜੀ ਸਵੀਕਰਣ ਨੂੰ ਵਧਾਉਂਦਾ ਹੈ, ਉਦਾਹਰਨ ਲਈ, ਟੈਕਨੋਲੋਜੀ ਤਤਪਰਤਾ ਮੁਲਾਂਕਣ, ਟ੍ਰੇਨਿੰਗ ਅਤੇ ਕੁਸ਼ਲਤਾਵਾਂ ਸਬੰਧੀ ਵਿਕਾਸ ਅਤੇ ਗਾਹਕਾਂ ਤੱਕ ਪਹੁੰਚਣ ਅਤੇ ਟੀਚਾ ਹਾਸਲ ਕਰਨ (ਗੋ-ਟੂ-ਮਾਰਕੀਟ) ਵਿੱਚ ਸਹਿਯੋਗ

**ਹਵਾਲੇ:**

"ਮੈਂ ਉੱਨਤ ਨਿਰਮਾਣ ਸੁਪਰਕਲਸਟਰ ਵਿੱਚ ਬ੍ਰੈਂਪਟਨ ਦੇ ਯਤਨਾਂ ਨੂੰ ਅੱਗੇ ਲਿਜਾਣ ਲਈ ਟੋਡ ਲੈਟਸ (Todd Letts) ਅਤੇ ਬ੍ਰੈਂਪਟਨ ਬੋਰਡ ਆਫ ਟ੍ਰੇਡ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ। ਸਾਡੇ ਸ਼ਹਿਰ ਦੇ ਮਜ਼ਬੂਤ ਨਿਰਮਾਣ ਅਤੇ ਨਵੀਨਤਾਕਾਰੀ ਆਧਾਰ ਨੂੰ ਸਹਾਰਾ ਦੇਣ ਦਾ ਉਹਨਾਂ ਦਾ ਦ੍ਰਿਸ਼ਟੀਕੋਣ ਉਹਨਾਂ ਵਿੱਚੋਂ ਇੱਕ ਹੈ, ਜਿਸਨੂੰ ਅਸੀਂ ਸਾਂਝਾ ਕਰਦੇ ਹਾਂ ਅਤੇ ਅਸੀਂ ਸਾਡੀ ਬੋਲੀ ਨੂੰ ਜਿੱਤਣ ਵਿੱਚ ਮਦਦ ਕਰਨ ਲਈ ਉਹਨਾਂ ਦੇ ਪੂਰੇ ਠੋਸ ਸਮਰਥਨ ਦੀ ਪ੍ਰਸ਼ੰਸਾ ਕਰਦੇ ਹਾਂ। ਇਹ ਨਵੀਂ ਟੈਕਨੋਲੋਜੀ, ਆਰ. ਐਂਡ ਡੀ. (R&D) ਅਤੇ ਨਵੇਂ ਕਾਮਿਆਂ ਨੂੰ ਸਿਖਲਾਈ ਦੇਣ ਵਿੱਚ ਨਿਵੇਸ਼ ਕਰਨ ਲਈ ਸਾਡੇ ਸ਼ਹਿਰ, ਸਥਾਨਕ ਕਾਰੋਬਾਰ ਅਤੇ ਪੋਸਟ-ਸੈਕੰਡਰੀ ਸੰਸਥਾਵਾਂ ਲਈ ਇੱਕ ਵਿਲੱਖਣ ਮੌਕਾ ਹੈ।"

- ਮੇਅਰ ਲਿੰਡਾ ਜੈਫਰੀ (Linda Jeffrey)

"ਇਹ ਘੋਸ਼ਣਾ ਬ੍ਰੈਂਪਟਨ ਦੀਆਂ ਸਮਰੱਥਤਾਵਾਂ ਨੂੰ ਅੱਗੇ ਵਧਾਉਣ ਵਿੱਚ ਮਦਦ ਕਰਦੀ ਹੈ। ਬ੍ਰੈਂਪਟਨ ਵਿੱਚ ਉੱਨਤ ਨਿਰਮਾਣ ਸੈਕਟਰ ਅਤੇ ਸਾਡੇ ਪੋਸਟ-ਸੈਕੰਡਰੀ ਸਾਂਝੇਦਾਰਾਂ ਦੀਆਂ ਸਮਰੱਥਤਾਵਾਂ ਦਾ ਕਾਰਜ ਖੇਤਰ (ਸਕੋਪ) ਅਜਿਹੀਆਂ ਨੌਕਰੀਆਂ ਅਤੇ ਨਿਵੇਸ਼ ਦੀਆਂ ਸੰਭਾਵਨਾਵਾਂ ਵਿੱਚ ਵਾਧਾ ਕਰਦਾ ਹੈ, ਜੋ ਇਹ ਨਵੀਂ ਫੰਡਿੰਗ ਲਿਆਉਂਦੀਆਂ ਹਨ।"

- ਸਿਟੀ ਕਾਉਂਸਲਰ ਜੈਫ ਬੋਮੈਨ (Jeff Bowman), ਮੁਖੀ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ

"ਉੱਨਤ ਨਿਰਮਾਣ ਸਾਰੇ ਆਰਥਿਕ ਵਿਕਾਸ ਦੇ ਯਤਨਾਂ ਲਈ ਇੱਕ ਮੁੱਖ ਵਾਧਾ ਸੈਕਟਰ ਹੈ। ਖੇਤਰ ਲਈ ਨਵੀਂ ਫੰਡਿੰਗ ਅਤੇ ਸੰਭਾਵੀ ਤੌਰ 'ਤੇ ਸਾਡਾ ਬ੍ਰੈਂਪਟਨ-ਵਿਸ਼ੇਸ਼ ਪ੍ਰਸਤਾਵ ਸਿਰਫ਼ ਅਜਿਹੇ ਖੇਤਰ ਵਿੱਚ ਮੌਕੇ ਅਤੇ ਨਿਵੇਸ਼ ਵਿੱਚ ਵਾਧਾ ਕਰਨ ਵਿੱਚ ਮਦਦ ਕਰ ਸਕਦਾ ਹੈ, ਜੋ ਸਾਡੇ ਨਿਵਾਸੀਆਂ ਲਈ ਬਹੁਤ ਸਾਰੀਆਂ ਉੱਚ ਤਨਖਾਹ ਅਤੇ ਕੁਸ਼ਲਤਾਂ ਵਾਲੀਆਂ ਨੌਕਰੀਆਂ ਤੱਕ ਪਹੁੰਚ ਮੁਹੱਈਆ ਕਰਦਾ ਹੈ।"

- ਬੌਬ ਡਾਰਲਿੰਗ (Bob Darling), ਡਾਇਰੈਕਟਰ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**

BRAMPTON Flower City
brampton.ca

# media release

ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca